ਸ਼ੇਖ ਫ਼ਰੀਦ - ਸਬਦ ੮੯

ਲੰਮੀ ਲੰਮੀ ਨਦੀ ਵਹੈ ਕੰਧੀ ਕੇਰੈ ਹੇਤਿ ॥

ਸਲੋਕ, ਸੇਖ ਫਰੀਦ, ਗੁਰੂ ਗ੍ਰੰਥ ਸਾਹਿਬ, ੧੩੮੨

ਲੰਮੀ ਲੰਮੀ ਨਦੀ ਵਹੈ ਕੰਧੀ ਕੇਰੈ ਹੇਤਿ ॥

ਬੇੜੇ ਨੋ ਕਪਰੁ ਕਿਆ ਕਰੇ ਜੇ ਪਾਤਣ ਰਹੈ ਸੁਚੇਤਿ ॥੮੬॥

ਸਾਰ: ਨਿਰੰਤਰ ਵਹਿੰਦੀ ਹੋਈ ਨਦੀ, ਸ਼ਕਤੀਸ਼ਾਲੀ ਢੰਗ ਨਾਲ ਆਪਣੇ ਕਿਨਾਰਿਆਂ ਨੂੰ ਮੁੜ ਆਕਾਰ ਦਿੰਦੀ ਹੈ। ਜੋ ਤਬਾਹੀ ਵਾਂਗ ਭਾਸਦਾ ਹੈ ਉਹ ਅਸਲ ਵਿਚ ਰੁਪਾਂਤ੍ਰਣ ਦਾ ਰੂਪ ਹੈ, ਜਿਵੇਂ ਕਿ ਪਾਣੀ ਦਾ ਵਹਿਣ ਥਲਾਂ ਨੂੰ ਘੇਰਦਾ ਜਾਂਦਾ ਹੈ। ਇਸੇ ਤਰ੍ਹਾਂ, ਜੀਵਨ ਦੀ ਗਤੀ ਸਾਡੇ ਵਿਸ਼ਵਾਸਾਂ ਅਤੇ ਪਛਾਣਾਂ ਦੀਆਂ ਸਖ਼ਤ ਹੱਦਬੰਦੀਆਂ ਨੂੰ ਨਰਮ ਕਰਦੀ ਹੈ, ਜਿਹੜੀਆਂ ਵਸਤਾਂ ਸਾਨੂੰ ਅਚੱਲ ਜਾਪਦੀਆਂ ਸਨ ਉਨ੍ਹਾਂ ਨਾਲ ਸਾਡੀ ਖਿੱਚ ਢਿੱਲੀ ਪੈ ਜਾਂਦੀ ਹੈ। ਰੁਪਾਂਤ੍ਰਣ ਨੂੰ ਕਲਾਵੇ ਵਿਚ ਲੈ ਅਸੀਂ ਆਪਣੇ ਆਪ ਨੂੰ ਦੁਬਾਰਾ ਪਰਿਭਾਸ਼ਿਤ ਕਰ ਸਕਦੇ ਹਾਂ ਕਿ ਅਸੀਂ ਕੌਣ ਹਾਂ, ਜਿਵੇਂ ਨਦੀ ਧਰਤੀ ਨੂੰ ਮੁੜ ਨਵਾਂ ਰੂਪ ਦਿੰਦੀ ਹੈ। ਜੀਵਨ ਰੂਪੀ ਵਹਿਣ ਅੱਗੇ ਸਮਰਪਣ ਕਰਨ ਨਾਲ ਅਸੀਂ ਆਪਣੇ ਅੰਦਰ ਨਵੀਆਂ ਗਹਿਰਾਈਆਂ ਦੀ ਖੋਜ ਕਰ ਸਕਦੇ ਹਾਂ ਅਤੇ ਆਪਣੇ ਅਸਲ ਰੂਪ ਨੂੰ ਪ੍ਰਾਪਤ ਕਰਨ ਦੀ ਹਿੰਮਤ ਪਾ ਸਕਦੇ ਹਾਂ।

ਲੰਮੀ ਲੰਮੀ ਨਦੀ ਵਹੈ ਕੰਧੀ ਕੇਰੈ ਹੇਤਿ ॥

ਨਦੀ ਆਪਣੇ ਕੰਢਿਆਂ ਨੂੰ ਢੋਂਹਦੀ ਹੋਈ ਨਿਰੰਤਰ ਲੰਮੇ ਫਾਸਲੇ ਤਹਿ ਕਰਦੀ ਆਉਂਦੀ ਹੈ, ਇਹ ਭਾਵ ਸਾਨੂੰ ਯਾਦ ਦਿਵਾਉਂਦਾ ਹੈ ਕਿ ਰੁਪਾਂਤ੍ਰਣ ਸਾਡੇ ਦ੍ਰਿਸ਼ਟੀਕੋਣ ਦੇ ਨਿਰੰਤਰ ਵਿਕਾਸ ਨਾਲ ਵਾਪਰਦਾ ਹੈ, ਜੋ ਸਾਨੂੰ ਆਪਣੇ ਉਪਰ ਚੜ੍ਹੀ ਵਿਚਾਰਾਂ ਦੀ ਪਾਣ ਅਤੇ ਹਉਮੈਂ ਨੂੰ ਦੂਰ ਕਰਨ ਦੀ ਆਗਿਆ ਦਿੰਦਾ ਹੈ।

ਬੇੜੇ ਨੋ ਕਪਰੁ ਕਿਆ ਕਰੇ ਜੇ ਪਾਤਣ ਰਹੈ ਸੁਚੇਤਿ ॥੮੬॥

ਜੇਕਰ ਮਲਾਹ ਸੁਚੇਤ ਹੋਵੇ ਤਾਂ ਭਵਰ ਬੇੜੀ ਨੂੰ ਕੀ ਨੁਕਸਾਨ ਪਹੁੰਚਾ ਸਕਦਾ ਹੈ? ਇਹ ਧਿਆਨ ਦੀ ਉਸ ਸਮਰਥਾ ਵੱਲ ਇਸ਼ਾਰਾ ਕਰਦਾ ਹੈ, ਜੋ ਰੱਖਿਆ ਕਰਨ ਵਿਚ ਸਹਾਈ ਹੁੰਦੀ ਹੈ। ਜੇ ਅੰਤਰੀਵੀ ਨਿਗਰਾਨ ਸੁਚੇਤ ਹੋਵੇ ਤਾਂ ਬਾਹਰੀ ਹਲਚਲ ਸਾਡੀ ਅੰਤਰਆਤਮਾ ਨੂੰ ਪ੍ਰੇਸ਼ਾਨ ਨਹੀਂ ਕਰ ਸਕਦੀ। (੮੬)

ਤੱਤ: ਸ਼ੇਖ ਫ਼ਰੀਦ ਦ੍ਰਿੜ੍ਹਤਾ ਨਾਲ ਕਹਿੰਦੇ ਹਨ ਕਿ ਜੇ ਮਲਾਹ ਸੁਚੇਤ ਰਹਿੰਦਾ ਹੋਇਆ ਅੱਗੇ ਵਧਦਾ ਰਹੇ, ਤਾਂ ਭਵਰ ਕਿਸ਼ਤੀ ਲਈ ਕੋਈ ਖ਼ਤਰਾ ਨਹੀਂ ਬਣਦਾ। ਉਹ ਸਮਝਦਾਰੀ ਨਾਲ ਪਾਣੀ ਦੀ ਪ੍ਰਬਲ ਘਮਾਉ ਵਿਚੋਂ ਰਾਹ ਕੱਢ ਲੈਂਦਾ ਹੈ। ਇਸੇ ਤਰ੍ਹਾਂ, ਜੀਵਨ ਦੀਆਂ ਲਾਲਸਾਵਾਂ ਸਾਡੇ ਆਲੇ-ਦੁਆਲੇ ਘੁੰਮਦੀਆਂ ਰਹਿੰਦੀਆਂ ਹਨ, ਪਰ ਜੇ ਅਸੀਂ ਆਪਣੇ ਆਪ ਨੂੰ ਇਕ ਜਾਗਰੂਕ ਮੱਲਾਹ ਵਾਂਗ ਬਣਾ ਲਈਏ, ਤਾਂ ਇਹ ਭਟਕਣਾਵਾਂ ਸਾਨੂੰ ਰਸਤੇ ਤੋਂ ਭਟਕਾ ਨਹੀਂ ਸਕਦੀਆਂ। ਇਹ ਸੋਚ ਸਾਨੂੰ ਉਦੇਸ਼ ਅਤੇ ਸਪਸ਼ਟਤਾ ਨਾਲ ਚੁਣੌਤੀਆਂ ਦਾ ਸਾਹਮਣਾ ਕਰਨ ਦੀ ਤਾਕਤ ਦਿੰਦੀ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**

ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**